# ਫ਼ੌਜਣ

ਮੁੱਢਲੇ ਸ਼ਬਦ : ਰਾਜਸਥਾਨ ਵਿਚ ਇਕ ਪਤੀ ਦੀ ਮੌਤ ’ਤੇ ਉਸਦੀ ਜਵਾਨ ਜਹਾਨ ਪਤਨੀ ਸਤੀ ਹੋ ਗਈ ਇਹ ਘਟਨਾ ਕੋਈ ਪਿਛਲੀ ਸਦੀ ਦੀ ਨਹੀਂ ਵੀਹਵੀਂ ਸਦੀ ਦੇ ਅਖੀਰ ਦੀ ਹੈ–
ਇਹ ਨਾਟਕ ਉਸ ਘਟਨਾ ਦੇ ਪ੍ਰਤੀਕਰਮ ਵਿਚ ਲਿਖਿਆ ਗਿਆ ਹੈ। ਇਸ ਨਾਟਕ ਦੀ ਕਹਾਣੀ ਉਸ ਫੌਜਣ ਦੀ ਕਹਾਣੀ ਹੈ ਜਿਸਦਾ ਫੌਜੀ ਜੰਗ ਦੇ ਮੁਹਾਜ਼ ’ਤੇ ਮਾਰਿਆ ਗਿਆ– ਕੀ ਉਹ ਫੌਜਣ ਸਤੀ ਹੋਵੇਗੀ ? ਕੀ ਉਹ ਜੀਂਦੀ ਲਾਸ਼ ਬਣਕੇ ਜ਼ਿੰਦਗੀ ਕੱਟੇਗੀ ? ਕੀ ਉਹ ਜ਼ਿੰਦਗੀ ਦਾ ਨਵਾਂ ਮੋੜ ਮੁੜੇਗੀ ?– ਇਹ ਸਵਾਲ ਹੀ ਇਸ ਘਟਨਾ ਦਾ ਵਿਸ਼ਾ ਹਨ।

ਗੀਤ : ਮੈਂ ਕੀਹਦੇ ਸਹਾਰੇ ਜੀਵਾਂ ਕੱਲੀ ਨੂੰ ਛੱਡ ਜਾਣ ਵਾਲਿਆ ਮੇਰੇ ਫੌਜੀਆ

ਲੱਖਾ : ਕੰਮ ਆਇਆ ਸਾਂ ਤੇ ਇਕ ਗੱਲ ਵੀ ਕਹਿਣ ਆਇਆ ਸਾਂ ਭਾਬੀ ਇਹ ਤਾਂ ਲੋੜਾਂ ਦਾ ਮਾਮਲਾ ਏ, ਤੈਨੂੰ ਮੇਰੀ ਲੋੜ ਏ– ਤੇ ਮੈਨੂੰ ਤੇਰੀ ਲੋੜ।

ਫੌਜਣ : ਲੋੜ !

ਲੱਖਾ : ਹਾਂ ਲੋੜ ! ਇਹ ਤੇਰੀ ਸਾਰੀ ਜ਼ਿੰਦਗੀ ਲੋਹੇ ਦੀ ਮਸ਼ੀਨ ਦੇ ਆਸਰੇ ਤਾਂ ਨਹੀਂ ਲੰਘ ਸਕਦੀ।

ਫੌਜਣ : ਤੇ ਤੇਰੀ ਜ਼ਿੰਦਗੀ ?

ਲੱਖਾ : ਮੇਰੀ ਗੱਲ ਹੋਰ ਏ ਭਾਬੀ ਮੈਂ ਤਾਂ ਆਪਣੀ ਕਿਸੇ ਇਕ ਭਾਬੀ ਕੋਲੋਂ ਚਾਹ, ਕਿਸੇ ਕੋਲੋਂ ਦਿਨ ਦੀ ਰੋਟੀ ਤੇ ਕਿਸੇ ਕੋਲੋਂ ਰਾਤ ਦੀ ਖਾਕੇ ਡੰਗ ਟਪਾ ਲਵਾਂਗਾ–ਪਰ ਤੇਰੀ ਨਹੀਂ ਲੰਘਣੀ।

ਫੌਜਣ : ਮੈਂ ਵੀ ਇਥੇ ਪਈ ਲੰਘਾ ਲਵਾਂਗੀ।

ਲੱਖਾ : ਕਿੰਝ ਲੰਘਾ ਲਵੇਂਗੀ, ਮੇਰੇ ਵਰਗਾ ਬੰਦਾ ਕਿਸੇ ਖੂੰਝੇ ਵਿਚ ਪਿਆ ਰਿਹਾ ਤਾਂ ਕਿਸੇ ਨੂੰ ਕੋਈ ਫਰਕ ਨਹੀਂ ਪੈਣਾ– ਲੋਕੀ ਤਾਂ ਸਗੋਂ ਚਾਹੁਣਗੇ ਕਿ ਮੈਂ ਕਿਸੇ ਖੂੰਝੇ ਵਿਚ ਪਿਆ ਰਵਾਂ– ਪਰ ਤੈਨੂੰ ਕੱਲੀ–ਕਾਰੀ ਨੂੰ ਕਿਸੇ ਨੇ ਵੀ ਇਸ ਤਰ੍ਹਾਂ ਨਹੀਂ ਲੰਘਾਉਣ ਦੇਣੀ।

ਫੌਜਣ : ਪਰ ਲੱਖਿਆ ਮੈਂ ਨਹੀਂ ਚਾਹੁੰਦੀ ਕਿ ਮੈਂ ਆਪਣੇ ਫੌਜੀ ਨਾਲ ਬੇਵਫਾਈ ਕਰਾਂ– ਉਹਨੇ ਕਿਹਾ ਸੀ ਉਹ ਤਮਗੇ ਜਿੱਤ ਕੇ ਆਵੇਗਾ।

ਲੱਖਾ : ਬੇਵਫਾਈ ਤਾਂ ਭਾਬੀ ਉਹ ਹੁੰਦੀ ਏ ਜੇ ਤੂੰ ਜੀਂਦੇ ਜੀ ਉਹਦੇ ਨਾਲ ਦਗ਼ਾ ਕਮਾਇਆ ਹੁੰਦਾ।

ਫੌਜਣ : (ਹਉਕਾ ਲੈ ਕੇ) ਦਗ਼ਾ ਤਾਂ ਉਹ ਕਮਾ ਗਿਆ– ਪਰ ਮੈਂ ਇਹ ਸਭ ਕੁਝ ਨਹੀਂ ਕਰ ਸਕਾਂਗੀ ਲੋਕ ਕੀ ਕਹਿਣਗੇ ?

ਲੱਖਾ : ਲੋਕ ਸਿਰਫ਼ ਗੱਲਾਂ ਕਰਨਗੇ– ਫੇਰ ਚੁੱਪ ਕਰ ਜਾਣਗੇ।

ਫੌਜਣ : ਚੰਗਾ ਮੈਂ ਸੋਚਾਂਗੀ– ਪਰ ਤੂੰ ਦੱਸ ਆਇਆ ਕਿਵੇਂ ਸੀ ?

ਲੱਖਾ : ਆਇਆ ਤਾਂ ਇਹੋ ਕਹਿਣ ਸੀ– ਪਰ ਨਾਲ ਇਹ ਵੀ ਗਰਜ਼ ਸੀ ਕਿ ਝੱਗਾ ਨਵਾਂ ਸਵਾਂ ਲਵਾਂ– ਤੂੰ ਤਾਂ ਬਾਹਲੀ ਸਵਾਈ ਵੀ ਨਹੀਂ ਮੰਗੇਗੀ– ਦਿਉਰਾਂ ਦੇ ਕੰਮ ਭਾਬੀਆਂ ਸੌਖੀਆਂ ਹੀ ਕਰ ਦਿੰਦੀਆਂ ਨੇ।

ਫੌਜਣ : ਵੇਖ ਲੱਖਿਆ ਝੱਗਾ ਤਾਂ ਤੇਰਾ ਮੈਂ ਸੀਅ ਦਿਆਂਗੀ – ਪਰ ਇਕ ਗੱਲ ਮੈਂ ਸਾਫ ਕਰ ਦਿਆਂ, ਜੇ ਮੈਂ ਤੇਰੇ ਨਾਲ ਕੋਈ ਰਿਸ਼ਤਾ ਜੋੜਾਂਗੀ ਤਾਂ ਸਾਫ–ਸਾਫ ਜੋੜਾਂਗੀ– ਚੋਰੀ ਦਾ ਗੁੜ੍ਹ ਖਾਣ ਵਿਚ ਮੇਰਾ ਯਕੀਨ ਨਹੀਂ ਤੇ ਨਾਂ ਹੀ ਦਿਉਰ ਭਾਬੀ ਵਾਲੀਆਂ ਮਸ਼ਕਰੀਆਂ ਤੈਨੂੰ ਕਰਨ ਦਿਆਂਗੀ।

ਲੱਖਾ : ਭਾਬੀ ਰਿਸ਼ਤਾ ਤਾਂ ਹਾਲੇ ਤੱਕ ਸਾਡਾ ਦਿਉਰ ਭਾਬੀ ਵਾਲਾ ਹੀ ਏ– ਫੌਜੀ ਸਾਡਾ ਭਰਾਵਾਂ ਵਰਗਾ ਦੋਸਤ ਸੀ– ਮੇਰਾ ਵੀ ਤੇ ਭਾਊ ਆਲਾ ਸਿੰਘ ਦਾ ਵੀ।

ਫੌਜਣ : ਇਹ ਤਾਂ ਉਹਨੇ ਮੈਨੂੰ ਪਹਿਲੇ ਦਿਨਾਂ ਵਿਚ ਹੀ ਦੱਸ ਦਿੱਤਾ ਸੀ ਕਿ ਤੁਹਾਡੀ ਤਿੰਨਾਂ ਦੀ ਤਰਿਕੜੀ ਸੀ।

ਲੱਖਾ : ਫੌਜੀ ਜਦੋਂ ਛੁਟੀ ਆਉਂਦਾ, ਥੈਲਾ ਭਰਕੇ ਰਮ ਦੀਆਂ ਬੋਤਲਾਂ ਲਿਆਉਂਦਾ ਤੇ ਸਾਰੀਆਂ ਛੁੱਟੀਆਂ ਰੋਜ਼ ਮਹਿਫਲ ਲਗਦੀ– ਇਕ ਨੰਬਰ ਦਾ ਬੰਦਾ ਸੀ।

ਫੌਜਣ : ਉਹਦੇ ਵਰਗਾ ਬੰਦਾ ਕੌਣ ਹੋ ਸਕਦਾ ਏ– ਬਹੁਤੀ ਦੇਰ ਹੋਣੀ ਨੂੰ ਸਾਡਾ ਸਾਥ ਮਨਜ਼ੂਰ ਨਹੀਂ ਸੀ ਪਰ ਜਿੰਨਾ ਸਾਥ ਉਹਦੇ ਨਾਲ ਮਾਣਿਆਂ–ਫੁਲਾਂ ਦੀ ਖੁਸ਼ਬੂ ਵਰਗਾ ਸੀ– ਉਹਨੇ ਮੈਨੂੰ ਹੱਥਾਂ ’ਤੇ ਚੁੱਕੀ ਰੱਖਿਆ। ਉਹ ਖੁਸ਼ੀਆਂ ਤਾਂ ਸੁਪਨਾ ਬਣਕੇ ਰਹਿ ਗਈਆਂ ਨੇ।

ਲੱਖਾ : ਮੈਂ ਦਾਅਵਾ ਤਾਂ ਨਹੀਂ ਕਰਦਾ ਭਾਬੀ, ਖੁਸ਼ੀਆਂ ਤਾਂ ਭਾਵੇਂ ਮੈਂ ਤੇਰੀਆਂ ਵਾਪਿਸ ਨਹੀਂ ਲਿਆ ਸਕਦਾ ਪਰ ਜ਼ਖ਼ਮਾਂ ਨੂੰ ਜ਼ਰੂਰ ਭਰਨ ਦਾ ਯਤਨ ਕਰਾਂਗਾ।

*(ਆਲਾ ਸਿੰਘ ਆਉਂਦਾ ਹੈ।)*

ਆਲਾ ਸਿੰਘ : ਉਏ ਲੱਖਿਆ – ਤੂੰ ਇਥੇ ਬੈਠਾ ਏਂ ਲਗਦਾ ਤੈਨੂੰ ਵੀ ਨਵੇਂ ਝੱਗੇ ਸਵਾਉਣ ਦੀ ਲੋੜ ਪੈ ਗਈ ਏ – ਪਹਿਲਾਂ ਟਾਕੀਆਂ ਵਾਲਾ ਹੰਢ ਗਿਆ ਹੋਣਾ ਏ ?

ਲੱਖਾ : ਨਹੀਂ ਭਾਊ ਆਲਾ ਸਿਆਂ, ਮੈਂ ਤੇ ਉਧੜੀਆਂ ਤਕਦੀਰਾਂ ਨੂੰ ਤਰੋਪਾ ਭਰਨ ਆਇਆ ਹਾਂ!

ਆਲਾ ਸਿੰਘ : ਉਏ ਤਰੋਪੇ ਭਰਨ ? ਕੀ ਕਿਹਾ, ਮੈਂ ਸਮਝਿਆ ਨਹੀਂ।

ਫੌਜਣ : ਹੁਣ ਭਰਾਵਾ ਤੇਰੇ ਕੋਲੋਂ ਕਾਹਦਾ ਲਕੋ, ਇਹ ਮੈਨੂੰ ਨਵੇਂ ਸਿਰੇ ਤੋਂ ਜ਼ਿੰਦਗੀ ਸ਼ੁਰੂ ਕਰਨ ਲਈ ਆਖਦਾ ਏ– ਕਹਿੰਦਾ ਏ ਦਿਉਰ ਭਰਜਾਈ ਤਾ ਰਿਸ਼ਤਾ ਹੁਣ ਤੀਵੀਂ ਮਰਦ ਦਾ ਰਿਸ਼ਤਾ ਹੋ ਜਾਵੇ।

ਆਲਾ ਸਿੰਘ : ਇਹ ਤਾਂ ਬਾਹਲੀ ਚੰਗੀ ਗੱਲ ਏ ਮੈਂ ਤਾਂ ਇਸ ਦੇ ਹੱਕ ਵਿਚ ਹਾਂ ਕਿ ਬੰਦਾ ਡੁਲੇ ਦੁੱਧ ਨੂੰ ਵੇਖਕੇ ਹੀ ਅਫ਼ਸੋਸਿਆ ਨਾ ਰਹੇ ਸਗੋਂ ਡੋਲ੍ਹ ਨੂੰ ਮੁੜ ਭਰਨ ਦੀ ਕੋਸ਼ਿਸ਼ ਕਰੇ।

ਲੱਖਾ : ਭਾਊ ਤਾਂ ਹੁਣ ਸਾਡਾ ਫਲਾਸਫਰਾਂ ਵਾਲੀਆਂ ਗੱਲਾਂ ਕਰਨ ਲੱਗ ਪਿਆ ਏ।

ਆਲਾ ਸਿੰਘ : ਉਏ ਆਹੋ ਲੱਖਿਆ – ਜਦੋਂ ਦੀਆਂ ਐਨਕਾਂ ਲਾਈਆਂ ਨਾ ਮੈਨੂੰ ਜ਼ਿੰਦਗੀ ਸਾਫ਼-ਸਾਫ਼ ਦਿਸਣ ਲੱਗ ਪਈ ਏ ਤੇ ਇਹ ਐਨਕ ਆਪਣੇ ਮਾਸਟਰ ਨੇ ਕਹਿ-ਕਹਿ ਕੇ ਲਗਵਾਈ ਏ–

ਲੱਖਾ : ਮਾਸਟਰ ਨੇ ?

ਆਲਾ ਸਿੰਘ : ਉਏ ਆਹੋ ਕਹਿਣ ਲਗਾ ਐਨਕਾਂ ਲੱਗਣਗੀਆਂ ਤੇ ਅਖ਼ਬਾਰ ਪੜ੍ਹੇਂਗਾ, ਦੁਨੀਆਂ ਵਿਚ ਕੀ ਵਾਪਰ ਰਿਹਾ ਏ– ਉਹ ਜਾਣ ਲਏਂਗਾ ਤੇ ਸੱਚ ਮੰਨ ਲੱਖਿਆ– ਜਦੋਂ ਦੀਆਂ ਐਨਕਾਂ ਲਗੀਆਂ ਨੇ– ਬਹੁਤ ਕੁਝ ਦਿੱਸਣ ਲੱਗ ਪਿਆ ਏ– ਜ਼ਿੰਦਗੀ ਦੀ ਸੋਚ ਈ ਬਦਲ ਗਈ ਏ। (ਫੌਜਣ ਨੂੰ) ਚਿੰਤੀਏ ਤੂੰ ਮੇਰੀ ਨਿੱਕੀ ਭਾਬੀ ਏਂ ਤੇ ਨਿੱਕੀ ਭੈਣ ਵੀ ਏਂ – ਜੇ ਦਿਲ ਸਾਫ ਏ ਤਾਂ ਲੱਖੇ ਦੀ ਗੱਲ ਮੰਨ ਲੈ। ਕਿਉਂ ਲੱਖਿਆ ਤੂੰ ਵੀ ਸੱਚੇ ਦਿਲੋਂ ਆਉਂਦਾ ਏ ਕਿ ਤੂੰ ਮੇਰੀ ਭਾਬੀ, ਨਹੀਂ ਸੱਚ ਭੈਣ ਨੂੰ ਖੁਸ਼ ਰੱਖੇਂਗਾ।

ਫੌਜਣ : ਪਹਿਲਾਂ ਰਿਸ਼ਤਾ ਤਾਂ ਮਿੱਥ ਲੈ ਕਿ ਭਾਬੀ ਜਾਂ ਭੈਣ ?

ਆਲਾ ਸਿੰਘ : ਚਿੰਤੀਏ ਚੰਗੀਆਂ ਭਾਬੀਆਂ ਭੈਣਾਂ ਵਰਗੀਆਂ ਹੁੰਦੀਆਂ ਨੇ, ਲੱਖਿਆ ਮੇਰੀ ਗੱਲ ਦਾ ਜਵਾਬ ਦੇ।

ਲੱਖਾ : ਮੈਂ ਸੱਚੇ ਦਿਲੋਂ ਆਖਦਾ ਹਾਂ ਕਿ ਇਹਦੇ ਸਾਹੀਂ ਜੀਆਂਗਾ।

ਫੌਜਣ : ਮੇਰੇ ਕੋਲੋਂ ਹਾਂ ਕਹਿਣ ਦੀ ਏਨੀ ਕਾਹਲੀ ਨਾ ਕਰਵਾਉ।

ਆਲਾ ਸਿੰਘ : ਹਾਂ-ਹਾਂ ਸੋਚ ਲੈ, ਕਾਹਲ ਵੀ ਕਾਹਦੀ ਏ।

ਫੌਜਣ : ਮੈਨੂੰ ਡਰ ਲਗਦੈ।

ਆਲਾ ਸਿੰਘ : ਚਿੰਤੀਏ ਤੈਨੂੰ ਇਸ ਡਰ 'ਤੇ ਕਾਬੂ ਪਾਉਣਾ ਪਵੇਗਾ- ਹਾਂ ਤੈਨੂੰ ਕਾਬੂ ਪਾਉਣਾ ਪਵੇਗਾ- ਤੈਨੂੰ ਆਪਣੇ ਆਪ ਨੂੰ ਸੰਭਾਲਣਾ ਪਵੇਗਾ।

ਲੱਖਾ : ਚੰਗਾ ਭਾਬੀ ਮੈਂ ਚਲਦਾ ਵਾਂ- ਨਾਲੇ ਇਹ ਤਾਂ ਗਰਜ਼ਾਂ ਦੇ ਸੌਦੇ ਨੇ-

*(ਜਾਂਦਾ ਹੈ।)*

ਪਿਛੋਂ ਗੀਤ : ਕੰਤ ਜਿੰਨਾਂ ਦੇ ਮੋਏ-ਜ਼ਿੰਦਗੀ ਸਵਾਲ ਬਣ ਗਈ ਹੈ ਜ਼ਿੰਦੇ ਮੇਰੀਏ

ਪਿਛੋਂ ਫੌਜੀ ਦੀ ਆਵਾਜ਼ : ਬਸ ਚਿੰਤੀ ਦੇ ਏਨਾਂ ਹੀ ਪਿਆਰ ਸੀ।

ਫੌਜਣ : ਪਿਆਰ!

ਆਵਾਜ਼ : ਹਾਲੀ ਤਾਂ ਮੈਨੂੰ ਅੱਖਾਂ ਮੀਚਿਆਂ 6 ਮਹੀਨੇ ਵੀ ਨਹੀਂ ਹੋਏ ਤੇ ਤੂੰ ਨਵਾਂ ਕੰਤ ਸਹੇੜਨ 'ਤੇ ਆ ਗਈ ਏਂ- ਏਨਾ ਵੀ ਸਬਰ ਨਹੀਂ ਹੋ ਸਕਿਆ।

ਫੌਜਣ : ਸਬਰ ਤਾਂ ਮੇਰੇ ਫੌਜੀਆ, ਮੈਂ ਉਮਰਾਂ ਦਾ ਕਰ ਸਕਦੀ ਹਾਂ ਜੇ ਮੇਰੇ ਸਬਰ ਨਾਲ ਤੇਰਾ ਕੁਝ ਬਣ ਜਾਏ। (ਚੁੱਪ) ਹੁਣ ਚੁਪ ਕਰ ਗਿਆ ਏਂ- ਜਾਂ ਤੂੰ ਟਿਕਾਣਾ ਦੱਸ ਦੇ ਮੈਂ ਆ ਜਾਵਾਂ ਤੇਰੇ ਕੋਲ।

ਆਵਾਜ਼ : ਟਿਕਾਣਾ- ਟਿਕਾਣਾ ਤਾਂ ਫੌਜੀਆਂ ਦਾ ਜੀਂਦੇ ਜੀ ਨਹੀਂ ਹੁੰਦਾ, ਹੁਣ ਮੈਂ ਕਿਹੜਾ ਟਿਕਾਣਾ ਦੱਸਾਂ।

ਫੌਜਣ : ਇਹੋ ਤਾਂ ਸਾਰਾ ਦੁੱਖ ਏ ਤੇਰਾ ਕੋਈ ਟਿਕਾਣਾ ਨਹੀਂ ਤੇ ਮੈਨੂੰ ਇਨ੍ਹਾਂ ਇੱਲਾਂ-ਕਾਵਾਂ ਤੋਂ ਕੌਣ ਬਚਾਏਗਾ?

ਆਵਾਜ਼ : ਤੂੰ ਲੱਖੇ ਦੀ ਗੱਲ ਕਰਦੀ ਏਂ?

ਫੌਜਣ : ਨਹੀਂ ਲੱਖੇ ਨੇ ਤਾਂ ਕਦੀ ਮੇਰੇ ਵੱਲ ਅੱਖ ਚੁੱਕਕੇ ਨਹੀਂ ਦੇਖਿਆ, ਜਦੋਂ ਵੀ ਗੱਲ ਕੀਤੀ ਹਮਦਰਦੀ ਦੀ ਕੀਤੀ ਏ, ਤੇਰੀ ਚੰਗਿਆਈ ਦੀ ਕੀਤੀ ਏ।

ਆਵਾਜ਼ : ਲੱਖਾ ਮੇਰਾ ਬਚਪਨ ਦਾ ਯਾਰ ਏ- ਮੈਂ ਉਹਦੀ ਯਾਰੀ ਬੜੀ ਵਾਰੀ ਪਰਖੀ ਏ, ਜੇ ਉਹਨੇ ਤੇਰਾ ਹੱਥ ਫੜਨ ਲਈ ਕਿਹਾ ਏ ਤਾਂ ਉਹਦੀ ਨੀਅਤ ਮਾੜੀ ਨਹੀਂ ਤੂੰ ਉਹਨੂੰ ਕੀ ਜਵਾਬ ਦਿੱਤਾ ਏ?

ਫੌਜਣ : ਮੇਰੇ ਫੌਜੀਆ ਤੇਰੇ ਪੁੱਛੇ ਬਿਨਾਂ ਮੈਂ ਕਿਸੇ ਨੂੰ ਹਾਂ ਨਹੀਂ ਕਰ ਸਕਦੀ, ਮੈਂ ਤੇਰੀਆਂ ਯਾਦਾਂ ਦੀ ਕੈਦਣ ਹਾਂ.. ਹਾਂ ਹਾਂ।

ਆਵਾਜ਼ : ਨਹੀਂ ਚਿੰਤੀਏ, ਤੂੰ ਆਜ਼ਾਦ ਏਂ ਮੈਂ ਸਤ ਅਸਮਾਨੋਂ ਪਾਰ ਤੇਰੀ ਕੀ ਰਾਖੀ ਕਰ ਸਕਦਾਂ, ਤੂੰ ਕੱਲੀ ਏਂ- ਤੈਨੂੰ ਛੱਤ ਦੀ ਲੋੜ ਏ, ਤੈਨੂੰ ਛੱਤ ਦੀ ਲੋੜ ਏ—

ਪਿਛੋਂ ਗੀਤ : ਮੈਂ ਕਿਹਦੇ ਸਹਾਰੇ ਜੀਵਾਂ- ਇੱਲਾਂ ਕਾਵਾਂ ਦੀ ਨਜ਼ਰ ਬੁਰੀ।

*(ਫੇਡ ਆਊਟ)*

(ਪਿੰਡ ਦੀ ਸੱਥ ਦਾ ਦ੍ਰਿਸ਼)

ਸਰਪੰਚ : ਕੁਝ ਹੋਵੇ ਸਰਦਾਰ ਜੀ ਸਰਕਾਰ ਆਪਣੇ ਫੌਜੀਆਂ ਦਾ ਬੜਾ ਖਿਆਲ ਰਖਦੀ ਏ।

ਸਰਦਾਰ : ਇਸ ਵਿਚ ਕੀ ਸ਼ੱਕ ਏ ਸਰਪੰਚ ਜੀ।

ਸਰਪੰਚ : ਹੁਣ ਡਿਪਟੀ ਕਮਿਸ਼ਨਰ ਆਪ ਚੱਲਕੇ ਆਇਆ ਚਿੰਤ ਕੌਰ ਨੂੰ ਮਸ਼ੀਨ ਦੇਣ, ਜੋਗਿੰਦਰ ਸਿੰਘ ਦੀ ਫੋਟੋ 'ਤੇ ਆਪ ਹਾਰ ਪਾਏ, ਇਹ ਕੋਈ ਥੋੜੀ ਜਿਹੀ ਗੱਲ ਏ ?

ਸਰਦਾਰ : ਸਰਪੰਚ ਜੀ, ਡਿਪਟੀ ਕਮਿਸ਼ਨਰ ਕੋਈ ਛੋਟੀ ਮੋਟੀ ਚੀਜ਼ ਨਹੀਂ, ਸ਼ਹਿਰ ਮਿਲਣ ਜਾਉ ਤਾਂ ਭਾਵੇਂ 4-4 ਘੰਟੇ ਉਹਦੇ ਦਰਵਾਜ਼ੇ 'ਤੇ ਖੜੇ ਰਹੋ ਉਹਨੂੰ ਮਿਲਣ ਦੀ ਵੇਹਲ ਨਹੀਂ।

ਸਰਪੰਚ : ਇਹੋ ਤਾਂ ਮੈਂ ਕਹਿਨਾਂ ਵਾਂ ਕਿ ਉਹੋ ਡਿਪਟੀ ਕਮਿਸ਼ਨਰ ਸਾਡੇ ਪਿੰਡ ਆਪ ਆਏ- ਪਿੰਡ ਲਈ ਕਿੰਨੇ ਮਾਣ ਵਾਲੀ ਗੱਲ ਏ-

ਸਰਦਾਰ : ਤੇ ਇਹ ਸਭ ਕੁਝ ਜੁਗਿੰਦਰ ਸਿੰਘ ਕਰਕੇ ਹੋਇਆ ਜੋ ਸੂਰਮਿਆਂ ਦੀ ਮੌਤ ਮਰਿਆ।

ਸਰਪੰਚ : ਧੰਨ ਏ ਉਹ ਜ਼ਿੰਦਗੀ ਜੋ ਵਤਨ ਦੇ ਕੰਮ ਆਏ (ਭੇਦ ਭਰੇ ਲਹਿਜੇ ਵਿਚ) ਪਰ ਮੈਂ ਇਕ ਗੱਲ ਹੋਰ ਉਡਦੀ-2 ਸੁਣੀ ਏ - ਬਈ ਚਿੰਤ ਕੌਰ ਲੱਖਾ ਸਿੰਘ ਨਾਲ ਚਾਦਰ ਪਾਉਣ ਨੂੰ ਫਿਰਦੀ, ਇਹ ਗੱਲ ਸਾਨੂੰ ਚੰਗੀ ਨਹੀਂ ਲੱਗੀ।

ਸਰਦਾਰ : ਜੇ ਇਹ ਗੱਲ ਸੱਚੀ ਏ ਤਾਂ ਸਾਨੂੰ ਚਿੰਤ ਕੌਰ ਨੂੰ ਸਮਝਾਉਣਾ ਪਵੇਗਾ ਕਿ ਹੁਣ ਚਿੰਤ ਕੌਰ ਸਿਰਫ਼ ਚਿੰਤ ਕੌਰ ਨਹੀਂ- ਇਕ ਸ਼ਹੀਦ ਫੌਜੀ ਦੀ ਫੌਜਣ ਏ।

ਸਰਪੰਚ : ਇਸੇ ਕਰਕੇ ਤਾਂ ਸਾਨੂੰ ਇਹ ਗੱਲ ਚੰਗੀ ਨਹੀਂ ਲਗੀ।

*(ਆਲਾ ਸਿੰਘ ਦਾਖਲ ਹੁੰਦਾ ਹੈ।)*

ਆਲਾ ਸਿੰਘ : ਕੀ ਗੱਲ ਚੰਗੀ ਨਹੀਂ ਲਗੀ ਸਰਪੰਚਾ ?

ਸਰਪੰਚ : ਸੁਣਿਐ ਚਿੰਤ ਕੌਰ ਫੌਜਣ, ਲੱਖੇ ਨਾਲ ਚਾਦਰ ਪਾਉਣ ਨੂੰ ਫਿਰਦੀ ਏ- ਬਸ ਇਹ ਗੱਲ ਚੰਗੀ ਨਹੀਂ ਲਗੀ।

ਆਲਾ ਸਿੰਘ : ਪਰ ਸਰਪੰਚਾ ਪਤਾ ਤਾਂ ਲਗੇ ਕਿਉਂ ਚੰਗੀ ਨਹੀਂ ਲਗੀ ?

ਸਰਪੰਚ : ਇੰਝ ਤਾਂ ਪਿੰਡ ਦੀ ਨਮੋਸ਼ੀ ਹੋ ਜਾਏਗੀ।

ਆਲਾ ਸਿੰਘ : ਉਏ ਚਾਦਰ ਤਾਂ ਪਾਉਣੀ ਏ ਫੌਜਣ ਨੇ ਨਾ ਪਿੰਡ ਨੂੰ ਕੀ ਤਕਲੀਫ ਹੋਣੀ ਏ।

ਸਰਦਾਰ : ਇਲਾਕੇ ਵਿਚ ਥੂਹ-ਥੂਹ ਹੋਵੇਗੀ, ਕਿ ਉਹ ਫੌਜੀ ਜਿੰਨ੍ਹੇ ਇਲਾਕੇ ਦਾ ਨਾਂ ਰੋਸ਼ਨ ਕੀਤਾ, ਉਹਦੇ ਪਿੰਡ ਵਾਲੇ ਉਹਦੀ ਫੌਜਣ ਨੂੰ 6

ਮਹੀਨੇ ਵੀ ਨਹੀਂ ਸੰਭਾਲ ਸਕੇ।

ਆਲਾ ਸਿੰਘ : ਇਹ 6 ਮਹੀਨੇ ਸਾਂਭਣ ਦੀ ਗੱਲ ਨਹੀਂ ਸਰਦਾਰ ਜੀ, ਇਹ ਉਮਰਾਂ ਦੀ ਗੱਲ ਏ – ਤੁਸੀਂ ਕਦੀ ਸੋਚਿਆ ਕਿ ਉਹ ਇਹ ਪਹਾੜ ਜਿਡੀ ਜ਼ਿੰਦਗੀ ਕੀਹਦੇ ਸਹਾਰੇ ਕੱਟੇਗੀ ?

ਸਰਪੰਚ : ਦੇਖ ਬਈ ਆਲਾ ਸਿੰਹਾਂ, ਗੁਜ਼ਾਰੇ ਲਈ ਸਰਕਾਰ ਨੇ ਫੌਜਣ ਨੂੰ ਮਸ਼ੀਨ ਲੈ ਕੇ ਦਿੱਤੀ ਏ ਉਤੋਂ ਫੌਜੀ ਦੀ ਪੈਨਸ਼ਨ ਵੀ ਏ।

ਆਲਾ ਸਿੰਘ : ਕੀ ਜ਼ਿੰਦਗੀ ਕੱਟਣ ਲਈ ਇਹ ਗੱਲਾਂ ਕਾਫੀ ਨੇ ?

ਸਰਪੰਚ : ਅੱਗੇ ਵੀ ਤਾਂ ਕੱਟਦੀਆਂ ਹੀ ਸਨ – ਫੌਜੀ ਅੱਜ ਕੋਈ ਨਵੇਂ ਤਾਂ ਨਹੀਂ ਮਰਨ ਲਗੇ। ਸਬਰ ਵੀ ਕੋਈ ਚੀਜ਼ ਹੁੰਦੀ ਏ, ਆਲਾ ਸਿੰਹਾਂ!

ਆਲਾ ਸਿੰਘ : ਆਹੋ ਸਰਪੰਚ ਜੀ ਸਬਰ ਬੜੀ ਚੀਜ਼ ਏ ਜੇ ਦੂਜਿਆਂ ਨੇ ਕਰਨਾ ਹੋਵੇ।

ਸਰਪੰਚ : ਕੀ ਮਤਲਬ ?

ਆਲਾ ਸਿੰਘ : ਫ਼ਰਜ ਕਰ ਲਉ ਸਰਪੰਚ ਜੀ, ਤੁਹਾਡੇ ਪੁੱਤਰ ਦਾ ਵਿਆਹ ਹੋਵੇ ਤੇ ਤੁਹਾਡੀ ਮਰ ਜਾਏ ਨੂੰਹ ਫੇਰ ਤੁਸੀਂ ਇਹ ਆਪਣੇ ਪੁੱਤ ਨੂੰ ਕਹੋਗੇ 'ਕੋਈ ਗੱਲ ਨਹੀਂ ਪੁੱਤਰ ਸਬਰ ਕਰ ਲੈ'।

ਸਰਪੰਚ : ਆਲਾ ਸਿੰਹਾ ਬੰਦਿਆਂ ਦੀ ਗੱਲ ਹੋਰ ਹੁੰਦੀ ਏ।

ਆਲਾ : ਫੇਰ ਹੁਣ ਤੋਂ ਤੀਵੀਆਂ ਦੀ ਵੀ ਹੋਰ ਗੱਲ ਹੋਏਗੀ।

ਸਰਪੰਚ : ਉਏ ਤੈਨੂੰ ਸਾਰੀ ਉਮਰ ਤਾਂ ਤੀਵੀਂ ਜੁੜੀ ਨਹੀਂ, ਤੈਨੂੰ ਤੀਵੀਆਂ ਦਾ ਕੀ ਪਤਾ ? ਉਹ ਤਾਂ ਇਕ ਵਾਰੀ ਕਿਸੇ ਦੀਆਂ ਹੋ ਜਾਣ, ਸਤੀ ਹੋ ਜਾਣਗੀਆਂ ਪਰ ਦੂਜੇ ਵੱਲ ਅੱਖ ਚੁੱਕ ਨਹੀਂ ਵੇਖਦੀਆਂ।

ਆਲਾ ਸਿੰਘ : ਸਤੀ ਹੁੰਦੀਆਂ ਨਹੀਂ – ਸਤੀ ਕਰ ਦਿੱਤੀਆਂ ਜਾਂਦੀਆਂ ਹਨ – ਮੰਤਰ ਪੜ੍ਹੇ ਜਾਂਦੇ ਨੇ – ਸਲੋਕ ਪੜ੍ਹੇ ਜਾਂਦੇ ਨੇ – ਸਤੀ ਸਵਿਤਰੀ ਦੀਆਂ ਕਥਾਵਾਂ ਸੁਣਾਈਆਂ ਜਾਂਦੀਆਂ ਨੇ, ਉਹਨੂੰ ਮਜਬੂਰ ਕੀਤਾ ਜਾਂਦਾ ਹੈ ਕਿ ਉਹਦੀ ਆਪਣੇ ਪਤੀ ਬਿਨਾਂ ਕੋਈ ਜ਼ਿੰਦਗੀ ਨਹੀਂ ਤੇ ਉਹਨੂੰ ਬਲਦੀ ਚਿਤਾ ਵਿਚ, ਆਪਣੀ ਤਕਦੀਰ ਸਮਝਣ ਲਈ ਮਜਬੂਰ ਕੀਤਾ ਜਾਂਦਾ ਏ।

ਸਰਪੰਚ : ਉਇ ਆਲਾ ਸਿੰਹਾ ਇਹ ਤੂੰ ਐਨਕਾਂ ਕੀ ਲਾਈਆਂ ਆਪਣੇ ਆਪ ਨੂੰ ਗੁਣੀ ਗਿਆਨੀ ਸਮਝਣ ਲਗ ਪਿਆ ਏਂ। ਗੀਤਾਂ ਦੇ ਖਿਲਾਫ਼ ਬੋਲਣ ਲਗ ਪਿਆ ਏਂ।

ਆਲਾ ਸਿੰਘ : ਇਹਨਾਂ ਐਨਕਾਂ ਨੇ ਹੀ ਮੇਰੇ ਮੱਥੇ 'ਤੇ ਤੀਜੀ ਅੱਖ ਲਾ ਦਿੱਤੀ ਏ ਤੇ ਦੁਨੀਆਂ ਸਾਫ਼-ਸਾਫ਼ ਦਿੱਸਣ ਲਗ ਪਈ ਏ। ਨਹੀਂ ਤੇ ਤੁਸੀਂ ਵੱਡੇ ਲੋਕਾਂ ਨੇ ਸਾਨੂੰ ਗਧੀ-ਗੇੜ ਵਿਚ ਪਾਇਆ ਹੋਇਆ ਸੀ – ਤੇ ਕੰਨ

ਖੋਲ ਕੇ ਸੁਣ ਲਉ – ਮੈਂ ਚਿੰਤੀ ਨੂੰ ਜੀਊਂਦੀ ਲਾਸ਼ ਨਹੀਂ ਬਨਣ ਦਿਆਂਗਾ ਨਾਲੇ ਕੀ ਗਰੰਟੀ ਏ ਕਿ ਉਹਦੀ ਇਜ਼ਤ ਦੀ ਰਖਵਾਲੀ ਹੋਵੇਗੀ।

ਸਰਦਾਰ : (ਗੁੱਸੇ ਵਿਚ) ਉਏ ਆਲਾ ਸਿੰਹਾ – ਇਹ ਪਿੰਡ ਕੋਈ ਬਦਮਾਸ਼ਾਂ ਲੁਚਿਆਂ ਦਾ ਪਿੰਡ ਨਹੀਂ ਕਿ ਕੱਲੀ–ਕਾਰੀ ਤੀਵੀ ਇਥੇ ਰਹਿ ਨਹੀਂ ਸਕਦੀ।

ਆਲਾ ਸਿੰਘ : ਸਰਦਾਰ ਜੀ ਬੰਦੇ ਦੀ ਨੀਅਤ ਬਦਲਣ ਵਿਚ ਦੇਰ ਨਹੀਂ ਲਗਦੀ– ਮੇਰੇ ਕੋਲੋਂ ਮੂੰਹ ਨਾ ਖੁਲਵਾਓ ਅੱਜ ਤੋਂ 15 ਸਾਲ ਪਹਿਲਾਂ ਦੀ ਘਟਨਾ ਯਾਦ ਕਰ ਲੋ।

ਸਰਦਾਰ : (ਕੱਚਾ ਹੋ ਕੇ) ਕਿਹੜੀ — ਘਟਨਾ ?

ਆਲਾ ਸਿੰਘ : ਉਦੋਂ ਦੀ ਜਦੋਂ ਤੇਜਾ ਸਿੰਘ ਦੀ ਫੌਜਣ ਨੂੰ ਕੱਲਿਆਂ ਵੇਖਕੇ ਤੁਸੀਂ ਉਹਦੇ ਘਰ ਜਾ ਵੜੇ ਸੀ।

ਸਰਦਾਰ : ਉਏ ਉਹ ਤਾਂ ਆਪ ਲੁੱਚੀ ਸੀ।

ਸਰਪੰਚ : ਆਹੋ ਉਹ ਤਾਂ ਆਪ ਲੱਚੀ ਸੀ– ਐਵੇਂ ਜਣੇ–ਖਣੇ ਨੂੰ ਸੈਨਤਾਂ ਮਾਰਦੀ ਸੀ!

ਆਲਾ ਸਿੰਘ : ਇਹ ਕਿਉਂ ਨਹੀਂ ਕਹਿੰਦੇ ਕਿ ਜਣਾ–ਖਣਾ ਲੁੱਚਾ ਉਹਦੇ ਘਰ ਅੱਗੋਂ ਖੰਘੂਰਾ ਮਾਰ ਕੇ ਲੰਘਦਾ ਸੀ, ਸਰਦਾਰ ਹੋਰਾਂ ਕੋਲੋਂ ਪੁੱਛੋ ਇਹ ਉਹਦੇ ਕੋਲੋਂ, ਉਹਦੇ ਘਰ ਰੱਖੜੀ ਬਣਾਉਣ ਗਏ ਸੀ!

ਸਰਦਾਰ : ਉਏ ਕੀ ਬਕਦਾ ਏਂ ?

ਆਲਾ ਸਿੰਘ : ਠੀਕ ਈ ਬਕਦਾ ਹਾਂ– ਜਦੋਂ ਅੰਦਰੋਂ ਨਿਕਲਦੇ ਫੜੇ ਗਏ ਤੇ ਰੌਲਾ ਪਾ ਦਿੱਤਾ ਕਿ, ਅਖੇ ਫੌਜਣ ਹੀ ਮਾੜੀ ਸੀ ਤੇ ਆਪਣੇ ਚਮਚਿਆਂ ਰਾਹੀਂ ਵਿਚਾਰੀ ਦੀ ਬਦਨਾਮੀ ਕਰਵਾ ਦਿੱਤੀ ਤੇ ਤੇਜਾ ਸਿੰਘ ਨੂੰ ਨਮੋਸ਼ੀ ਤੋਂ ਬਚਣ ਲਈ ਪਿੰਡ ਹੀ ਛੱਡ ਕੇ ਜਾਣਾ ਪਿਆ। ਵਿਚ ਨਾ ਆ ਵੱਡੇ ਲੋਕਾਂ ਦੀਆਂ ਗੱਲਾਂ ਦੂਜਿਆਂ ਨੂੰ ਕਹਿਣਗੇ ਏਸ ਦੇਸ਼ ਦੀ ਖਾਤਿਰ ਲੜੋ, ਪਰ ਆਪ ਆਪਣੀਆਂ ਕਮਿਸ਼ਨਾਂ ਖਾਤਿਰ, ਗੱਦੀਆਂ ਖਾਤਿਰ ਦੇਸ਼ ਨੂੰ ਦੂਜਿਆਂ ਅਗੇ ਗਹਿਣੇ ਪਾ ਦੇਣਗੇ (ਲੱਖੇ ਨੂੰ) ਲੱਖਿਆ ਵੇਖਦਾ ਕੀ ਏਂ ਫੜ ਲੈ ਚਿੰਤੀ ਦਾ ਹੱਥ!

ਸਰਪੰਚ : ਨਾ ਸਾਡੇ ਸਾਹਮਣੇ, ਇਹ ਕੱਲੀ–ਕਾਰੀ ਤੀਵੀਂ ਦਾ ਹੱਥ ਫੜੇਗਾ ਅਸੀਂ ਮਰੇ ਤਾਂ ਨਹੀਂ ?

ਸਰਦਾਰ : ਅਣਖ ਵੀ ਕੋਈ ਚੀਜ਼ ਹੁੰਦੀ ਏ।

ਆਲਾ ਸਿੰਘ : ਅੱਛਾ ਇਹ ਗੱਲ ਏ ਤਾਂ ਚਿੰਤੀਏ ਤੂੰ ਫੜ ਲੈ ਲੱਖੇ ਦਾ ਹੱਥ, ਮੈਂ ਵੀ ਵੇਖਾਂ ਇਹਨਾਂ ਵਿਚ ਕਿੰਨੀ ਅਣਖ ਏ ਤੇ ਕਿੰਨੀ ਜਾਨ ਏ ਵੱਡੇ ਸੂਰਮੇ

ਅਣਖ ਵਾਲੇ–

*(ਚਿੰਤੀ ਹੌਲੀ–ਹੌਲੀ ਲੱਖੇ ਦਾ ਹੱਥ ਫੜਦੀ ਏ, ਸਰਪੰਚ, ਸਰਦਾਰ ਬੇਬਸੀ ਦੀ ਮੁਦਰਾ ਵਿਚ, ਆਲਾ ਸਿੰਘ ਜਿੱਤ ਦੀ ਮੁਦਰਾ ਵਿਚ ਫਰੀਜ਼ ਹੁੰਦੇ ਨੇ।)*

ਗੀਤ : ਵੱਧੇ ਕਦਮ ਨੇ ਨਵੀਂ ਦਿਸ਼ਾ ਵੱਲ
ਜ਼ਿੰਦਗੀ ਨੇ ਰਾਹ ਲੱਭਿਆ।

*(ਸਮਾਪਤ)*